This question paper contains **2** printed pages]

*Your Roll No.* ..........................

**5862**

**B.A. (PROGRAMME)/II/III** **E**

PUNJABI LANGUAGE (C)—Paper II

(Basic Punjabi)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

**Note :** The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਹੇਠਾਂ ਲਿਖੇ ਪੈਰ੍ਹੇ ਨੂੰ ਪੜ੍ਹਕੇ ਪ੍ਰਸ਼ਨਾ ਦੇ ਉੱਤਰ ਦਿਉ :

ਸਮਾਂ ਬੜਾ ਬਲਵਾਨ ਹੁੰਦਾ ਹੈ। ਸਮਾਂ ਕਿਸੇ ਦਾ ਲਿਹਾਜ਼ ਨਹੀ ਕਰਦਾ, ਜੋ ਸਮੇਂ ਦੀ ਕਦਰ ਕਰਦੇ ਹਨ, ਉਹ ਹੀ ਸੁੱਖ ਭੋਗਦੇ ਹਨ। ਸਿਆਣਿਆਂ ਦਾ ਕਥਨ ਹੈ, ਅੱਜ ਦਾ ਕੰਮ ਕੱਲ੍ਹ ਉੱਤੇ ਨਾ ਛੱਡੋ। ਇਸ ਲਈ ਵਰਤਮਾਨ ਸਮੇਂ ਦਾ ਹਮੇਸ਼ਾਂ ਸਦਉਪਯੋਗ ਕਰਨਾ ਚਾਹੀਦਾ ਹੈ। ਵਿਹਲੇ ਬੈਠ ਕੇ ਜਾਂ ਸੁੱਤਿਆਂ ਰਹਿਕੇ ਆਪਣੇ ਕੀਮਤੀ ਸਮੇਂ ਨੂੰ ਨਹੀ ਗੁਆਉਣਾ ਚਾਹੀਦਾ। ਇਮਤਿਹਾਨਾਂ ਵਿਚ ਬੱਚੇ ਪੜ੍ਹਾਈ ਦੀ ਬਜਾਏ ਟੀ.ਵੀ. ਸੀਰੀਅਲ ਦੇਖ ਕੇ ਸਮਾਂ ਨਸ਼ਟ ਕਰ ਦਿੰਦੇ ਹਨ। ਇਸੇ ਲਈ ਉਹ ਪੜ੍ਹਾਈ ਵਿਚ ਪਿੱਛੇ ਰਹਿ ਜਾਂਦੇ ਹਨ। ਭਾਈ ਵੀਰ ਸਿੰਘ ਇਸ ਕਵਿਤਾ ਦੇ ਬੰਦ ਵਿਚ ਸਮੇਂ ਬਾਰੇ ਇਉਂ ਕਹਿੰਦੇ ਹਨ :-

ਹੇ ! ਅਜੇ ਸੰਭਾਲ ਇਸ ਸਮੇ ਨੂੰ
ਕਰ ਸਫ਼ਲ ਉਡੰਦਾ ਜਾਂਵਦਾ
ਇਹ ਠਹਿਰਨ ਜਾਂਚ ਨਾ ਜਾਣਦਾ
ਲੰਘ ਗਿਆ ਨਾ ਮੁੜਕੇ ਆਂਵਦਾ।

(ੳ) ਕਿਹੜੀ ਚੀਜ਼ ਬਲਵਾਨ ਹੈ?
(ਅ) ਸਿਆਣਿਆਂ ਦਾ ਕੀ ਕਥਨ ਹੈ?
(ੲ) ਇਮਤਿਹਾਨਾਂ ਵਿਚ ਬੱਚੇ ਕੀ ਕਰਦੇ ਹਨ?
(ਸ) ਇਸ ਕਾਵਿ-ਬੰਦ ਵਿਚ ਕਵੀ ਕੀ ਕਹਿਣਾ ਚਾਹੁੰਦਾ ਹੈ?
(ਹ) ਉਪਰਲੇ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ? 10

2. ਹੇਠ ਲਿਖਿਆਂ ਵਿਚੋਂ ਕਿਸੇ ਇਕ ਉਪਰ ਸੱਦਾ ਪੱਤਰ ਤਿਆਰ ਕਰੋ :
   (i) ਪੁੱਤਰ ਦੇ ਵਿਆਹ ਦਾ ਸੱਦਾ ਪੱਤਰ।
   (ii) ਕਾਲਜ ਵਿਚ ਹੋਣ ਵਾਲੇ ਸੈਮੀਨਾਰ ਬਾਰੇ ਸੱਦਾ ਪੱਤਰ।
   (iii) ਪਾਠ ਦੇ ਭੋਗ ਲਈ ਸੱਦਾ ਪੱਤਰ। 10

3. ਆਪਣੇ ਪਿਤਾ ਜੀ ਨੂੰ ਚਿੱਠੀ ਰਾਹੀ ਦੱਸੋ ਕਿ ਤੁਸੀ ਬੀ.ਏ. ਤੋਂ ਬਾਅਦ ਕੀ ਕਰਨਾ ਚਾਹੁੰਦੇ ਹੋ।

   ਜਾਂ

   ਡਿਪਟੀ ਕਮਿਸ਼ਨਰ ਸਾਹਿਬ ਨੂੰ ਕਲਰਕ ਦੀ ਆਸਾਮੀ ਲਈ ਬਿਨੇ-ਪੱਤਰ ਲਿਖੋ। 10

4. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਤੇ ਪੈਰ੍ਹਾ ਲਿਖੋ :
   (i) ਲਾਲਚ ਬੁਰੀ ਬਲਾ ਹੈ।
   (ii) ਇੰਟਰਨੈਟ ਦੀ ਮਹੱਤਤਾ।
   (iii) ਅੱਖੀਂ ਡਿੱਠਾ ਕੋਈ ਮੈਚ। 10

5. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :
   ਨਿਖੇਦੀ, ਸਮਯ, ਅਨਲੱਗ, ਰੀਡਰੀ, ਸੋਜਵਾਨ, ਗਿੱਸ਼, ਹਿੰਨਦੀ, ਦੁੱਦ, ਜੈਜ, ਛਾਘਣਾ 10

6. ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ :
   (1) ਜਿਹੜਾ ਕਿਸੇ ਦੀ ਕੀਤੀ ਹੋਈ ਨੇਕੀ ਨਾ ਜਾਣੇ।
   (2) ਆਪਣੇ ਆਪ ਨੂੰ ਮਾਰ ਲੈਣਾ।
   (3) ਜਿਹੜੀ ਗੱਲ ਆਪਣੇ ਆਪ ਨਾਲ ਬੀਤੀ ਹੋਵੇ।
   (4) ਉਹ ਰਾਜ ਜਿਸ ਵਿਚ ਲੋਕਾਂ ਦੁਆਰਾ ਚੁਣੇ ਪ੍ਰਤੀਨਿਧ ਹੋਣ।
   (5) ਪਤੀ ਦੀ ਦੂਜੀ ਪਤਨੀ।
   (6) ਸਭ ਦਾ ਪਿਆਰਾ।
   (7) ਮਿਟੀ ਦੇ ਬਰਤਨ ਬਣਾਉਣ ਵਾਲਾ।
   (8) ਜਿਹੜਾ ਬਹੁਤੀਆਂ ਗੱਲਾਂ ਕਰੇ।
   (9) ਜਿਸ ਚੀਜ਼ ਵਿਚ ਬਹੁਤੇ ਗੁਣ ਹੋਣ।
   (10) ਜਿਹੜਾ ਸ਼ਕਲੋਂ ਭੈੜਾ ਹੋਵੇ। 10

7. ਹੇਠ ਲਿਖੇ ਸ਼ਬਦਾਂ ਵਿਚੋਂ ਪੰਦਰਾਂ ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ :
   Study, Compulsory, Prepared, Actor, Dialogue, Culture, Nature, Law, Knowledge, Poem, Process, Tradition, Agreement, Message, Language, Noun, Common, Comparison. **15**